ਪੰਜਾਬ ਸਰਕਾਰ
ਸਿੱਖਿਆ ਵਿਭਾਗ

ਵੱਲ :

**ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ**
**ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ**
**ਸਮੂਹ ਸਕੂਲ ਮੁਖੀ, ਸਰਕਾਰੀ ਸਕੂਲ, ਪੰਜਾਬ**

ਮੀਮੋ ਨੰ : 13/1-2018/SSA/MIS/39256
ਮਿਤੀ : ਚੰਡੀਗੜ੍ਹ 30 ਅਗਸਤ, 2018

**ਵਿਸ਼ਾ : ਸਟਾਫ ਡਾਟਾ ਈਪੰਜਾਬਸਕੂਲ ਪੋਰਟਲ ਉੱਤੇ ਅਪਡੇਟ ਕਰਨ ਸਬੰਧੀ ਹਦਾਇਤਾਂ।**

1.0 ਸਿੱਖਿਆ ਵਿਭਾਗ ਦੇ ਪੋਰਟਲ ਈਪੰਜਾਬਸਕੂਲ ਉੱਤੇ ਸਮੂਹ ਸਕੂਲਾਂ ਵਲੋਂ ਸਟਾਫ ਡਾਟਾ ਅਪਲੋਡ ਕੀਤਾ ਗਿਆ ਹੈ ਅਤੇ ਸਮੇਂ ਸਮੇਂ ਸਿਰ ਇਸ ਡਾਟਾ ਵਿਚ ਦਰੁਸਤੀਆਂ ਵੀ ਸਕੂਲਾਂ ਵਲੋਂ ਕੀਤੀਆਂ ਜਾਂਦੀਆਂ ਹਨ।

2.0 ਪੋਰਟਲ ਉੱਤੇ ਅਪਲੋਡ ਕੀਤੇ ਸਟਾਫ ਡਾਟਾ ਵਿਚ ਕਿਸੇ ਵੀ ਕਿਸਮ ਦੀ ਦਰੁਸਤੀ ਕਰਨ ਦੀ ਜਿੰਮੇਵਾਰੀ ਸਿਰਫ ਸਕੂਲ ਮੁਖੀ ਜਾਂ ਸਬੰਧਤ ਡੀ.ਡੀ.ਓ. ਦੀ ਹੋਵੇਗੀ। ਸਿੱਖਿਆ ਵਿਭਾਗ ਵਲੋਂ ਹਰ ਸਕੂਲ ਮੁਖੀ ਨੂੰ ਪੋਰਟਲ ਉੱਤੇ ਇੱਕ ਲਾਗਇਨ ਆਈ.ਡੀ. ਅਤੇ ਪਾਸਵਰਡ ਦਿੱਤਾ ਗਿਆ ਹੈ। ਸਕੂਲ ਮੁਖੀ ਡਾਟਾ ਅਪਡੇਸ਼ਨ ਆਪਣੀ ਨਿਗਰਾਨੀ ਵਿਚ ਕਰਵਾਏ ਅਤੇ ਡਾਟਾ ਨੂੰ ਅਪਰੂਵ ਜਰੂਰ ਕੀਤਾ ਜਾਵੇ। ਇੱਕ ਵਾਰ ਡਾਟਾ ਅਪਰੂਵ ਕਰਨ ਉਪਰੰਤ ਇਸ ਵਿਚ ਕੋਈ ਵੀ ਤਬਦੀਲੀ ਨਹੀਂ ਕੀਤੀ ਜਾ ਸਕਦੀ। ਜੇਕਰ ਭਵਿੱਖ ਵਿਚ ਇਸ ਡਾਟਾ ਵਿਚ ਕੋਈ ਤਬਦੀਲੀ ਦੀ ਜਰੂਰਤ ਪੈਂਦੀ ਹੈ ਤਾਂ ਸਕੂਲ ਮੁਖੀ ਮੁੱਖ ਦਫਤਰ ਦੀ ਐਮ.ਆਈ.ਐਸ. ਸ਼ਾਖਾ ਨਾਲ ਫੋਨ ਨੰਬਰ 0172-5212332, 5212318 ਉੱਤੇ ਸੰਪਰਕ ਕਰ ਸਕਦੇ ਹਨ।

3.0 ਪਿਛਲੇ ਕੁੱਝ ਮਹੀਨਿਆਂ ਦੌਰਾਨ ਸਰਕਾਰ ਵਲੋਂ ਨਵੀਂ ਭਰਤੀ ਅਤੇ ਪ੍ਰਮੋਸ਼ਨਾਂ ਕਰਕੇ ਸਕੂਲ ਵਿਚ ਸਟਾਫ ਮੁਹਈਆ ਕਰਵਾਇਆ ਗਿਆ ਹੈ। ਸਮੂਹ ਸਕੂਲ ਮੁਖੀ ਅਤੇ ਡੀ.ਡੀ.ਓਜ਼. ਇਸ ਗੱਲ ਨੂੰ ਵੀ ਯਕੀਨੀ ਬਨਾਉਣ ਕਿ ਸਕੂਲ ਵਿਚ ਕੰਮ ਕਰਦੇ ਹਰ ਸਟਾਫ ਮੈਂਬਰ ਦਾ ਡਾਟਾ ਰਿਕਾਰਡ ਅਨੁਸਾਰ ਪੋਰਟਲ ਉੱਤੇ ਅਪਡੇਟ ਕੀਤਾ ਗਿਆ ਹੋਵੇ। ਜੇਕਰ ਭਵਿੱਖ ਵਿਚ ਡਾਟਾ ਵਿਚ ਕਿਸੇ ਵੀ ਕਿਸਮ ਦੀ ਖਾਮੀ ਪਾਈ ਜਾਂਦੀ ਹੈ ਤਾਂ ਸਬੰਧਤ ਸਕੂਲ ਮੁਖੀ/ਸਬੰਧਤ ਡੀ.ਡੀ.ਓ. ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ।

**ਸਕੱਤਰ ਸਕੂਲ ਸਿੱਖਿਆ, ਪੰਜਾਬ**